Ph. 228412 (Offi.)
229034 (Resi.)

# ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਮਾਨਸਾ

ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਮਾਨਸਾ ਦਾ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਾਨਸਾ ਦੀ ਬਿਲਡਿੰਗ ਵਿੱਚ ਦੂਸਰੀ ਮੰਜ਼ਲ ਤੇ ਕਮਰਾ ਨੰ: 46 ਅਤੇ 61 ਵਿੱਚ ਸਥਾਪਿਤ ਹੈ। ਇਸ ਦਫ਼ਤਰ ਦਾ ਜ਼ਿਲ੍ਹਾ ਮੁੱਖੀ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹੈ। ਇਸ ਤੋਂ ਇਲਾਵਾ ਇਸ ਦਫ਼ਤਰ ਵਿੱਚ ਇੱਕ ਸਹਾਇਕ ਲੋਕ ਸੰਪਰਕ ਅਫ਼ਸਰ, ਇੱਕ ਸੀਨੀਅਰ ਸਹਾਇਕ, ਇੱਕ ਜੂਨੀਅਰ ਸਹਾਇਕ, ਇੱਕ ਕਲਰਕ, ਇੱਕ ਸਿਨੇਮਾ ਓਪਰੇਟਰ ਤੋਂ ਇਲਾਵਾ 5 ਦਰਜਾ ਚਾਰ ਕਰਮਚਾਰੀ ਤਾਇਨਾਤ ਹਨ। ਇਸ ਦਫ਼ਤਰ ਵਿੱਚ ਕੁੱਲ 11 ਕਰਮਚਾਰੀ ਹਨ।

ਇਸ ਜ਼ਿਲ੍ਹੇ ਵਿੱਚ ਇਸ ਦਫ਼ਤਰ ਅਧੀਨ ਸਬ ਡਵੀਜਨ ਪੱਧਰ ਤੇ ਕੋਈ ਹੋਰ ਦਫ਼ਤਰ ਨਹੀਂ ਹੈ, ਅਤੇ ਜ਼ਿਲ੍ਹੇ ਦਾ ਕੰਮਕਾਜ ਇਸ ਦਫ਼ਤਰ ਵੱਲੋਂ ਹੀ ਕੀਤਾ ਜਾ ਰਿਹਾ ਹੈ। ਇਸ ਦਫ਼ਤਰ ਦਾ ਮੁੱਖ ਕਾਰਜ ਸਰਕਾਰ ਦੀਆਂ ਪ੍ਰਾਪਤੀਆਂ ਲੋਕਾਂ ਤੱਕ ਪਹੁੰਚਾਉਣ ਤੋਂ ਇਲਾਵਾ ਪ੍ਰਿੰਟ ਮੀਡੀਆ, ਇਲੈਕਟ੍ਰੋਨਿਕਸ ਮੀਡੀਆ ਅਤੇ ਸਰਕਾਰੀ ਲਿਟਰੇਚਰ ਦੀ ਵੰਡ ਕਰਕੇ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ ਅਤੇ ਲੋਕਾਂ ਦੀਆਂ ਮੰਗਾਂ/ਲੋੜਾਂ ਸਬੰਧੀ ਸਰਕਾਰ ਨੂੰ ਗੁਪਤ ਰਿਪੋਰਟ ਵੀ ਭੇਜੀ ਜਾਂਦੀ ਹੈ।